ਦਫ਼ਤਰ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਪੰਜਾਬ
ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ।

ਵੱਲ

1. ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਪ੍ਰਿੰਸੀਪਲ ਇੰਨ ਸਰਵਿਸ ਟ੍ਰੇਨਿੰਗ ਸੈਂਟਰ
3. ਪ੍ਰਿੰਸੀਪਲ ਡਾਇਟ (ਫਤਿਹਗੜ ਸਾਹਿਬ,ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ)

ਮੀਮੋ ਨੰ: ਸਸਅ/ਟੀ.ਟੀ/040860 - 040896
ਮਿਤੀ, ਚੰਡੀਗੜ੍ਹ : 8/6/10

ਵਿਸ਼ਾ: ਸਰਵ ਸਿੱਖਿਆ ਅਭਿਆਨ ਅਧੀਨ ਪੰਜਾਬ ਦੀ ਸਲਾਨਾ ਪਲਾਨ 2010- 11 ਨੂੰ ਲਾਗੂ ਕਰਨ ਹਿੱਤ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਵਿਸ਼ਾਵਾਰ ਟ੍ਰੇਨਿੰਗ ਸਬੰਧੀ।

1.0 ਆਪ ਸਭ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਅਧੀਨ ਸਾਲ 2010- 11 ਦੌਰਾਨ ਅੱਪਰ ਪ੍ਰਾਇਮਰੀ ਦੇ ਅਧਿਆਪਕਾਂ ਦੀ ਪੰਜ ਦਿਨਾਂ ਦੀ ਟ੍ਰੇਨਿੰਗ (ਵਿਸ਼ਾਵਾਰ) ਪੰਜ ਫੇਜ਼ਾ ਵਿੱਚ ਕਰਵਾਈ ਜਾਣੀ ਹੈ। ਇਹਨਾ ਪੰਜ ਫੇਜ਼ਾ ਵਿੱਚ ਹਿੰਦੀ ,ਪੰਜਾਬੀ, ਹਿਸਾਬ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ੇ ਨਾਲ ਸਬੰਧਤ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਟ੍ਰੇਨਿੰਗ ਹਰ ਜ਼ਿਲ੍ਹੇ ਵਿੱਚ GISTC/DIET ਦੁਆਰਾ ਤਿਆਰ ਕੀਤੀ ਮਾਈਕ੍ਰੋ-ਪਲਾਨ ਅਨੁਸਾਰ ਹੋਵੇਗੀ।

2.0 ਪਲਾਨ ਵਿੱਚ GISTC/DIET ਵੱਲੋ ਹਰ ਟ੍ਰੇਨਿੰਗ ਫੇਜ਼ ਲਈ ਅਧਿਆਪਕਾਂ ਦੇ ਨਾਵਾਂ ਦੀ ਚੋਣ ਕਰ ਲਈ ਗਈ ਹੈ।ਇਨ੍ਹਾਂ ਵਿੱਚ ਨਵੇਂ ਨਿਯੁਕਤ ਅਧਿਆਪਕ, ਬਦਲੀ ਜਾਂ ਪ੍ਰਮੋਟ ਹੋ ਕੇ ਆਏ ਅਧਿਆਪਕ ਵੀ ਸ਼ਾਮਿਲ ਹੋਣਗੇ। ਟ੍ਰੇਨਿੰਗ ਪ੍ਰੋਗਰਾਮਾਂ ਦੌਰਾਨ ਇਨ੍ਹਾਂ ਸਾਰੇ ਅਧਿਆਪਕਾਂ ਅਤੇ ਕੋਆਰਡੀਨੇਟਰਜ਼ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ।

3.0 ਮੁੱਖ ਦਫ਼ਤਰ ਵਲੋਂ ਟ੍ਰੇਨਡ ਕੀਤੇ ਵਿਸ਼ਾਵਾਰ ਰਿਸੋਰਸ ਪਰਸਨਜ਼ ਦੇ ਨਾਂ ਮਾਇਕਰੋ ਪਲਾਨ ਵਿੱਚ Incorporate ਕਰਕੇ ਪਲਾਨ ਦੀ ਇੱਕ ਕਾਪੀ GISTC/DIET ਵੱਲੋਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਦਿੱਤੀ ਜਾਵੇਗੀ । ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਇਨ੍ਹਾਂ ਰਿਸੋਰਸ ਪਰਸਨਸ ਅਤੇ ਕੋਆਰਡੀਨੇਟਰਸ ਨੂੰ ਲੋੜੀਂਦੇ ਹੁਕਮ ਤੁਰੰਤ ਜਾਰੀ ਕੀਤੇ ਜਾਣਗੇ।

4.0 ਇਸ ਟ੍ਰੇਨਿੰਗ ਦਾ ਸ਼ਡਿਊਲ ਹੇਠ ਅਨੁਸਾਰ ਹੋਵੇਗਾ।

| ਫੇਜ਼ | ਮਿਤੀ | ਵਿਸ਼ਾ |
|---|---|---|
| ਫੇਜ਼ 1 | 5 ਜੁਲਾਈ ਤੋਂ 9 ਜੁਲਾਈ | GISTC/DIET ਵੱਲੋਂ ਦਿੱਤੀ ਪਲਾਨ ਅਨੁਸਾਰ |
| ਫੇਜ਼ 2 | 12 ਜੁਲਾਈ ਤੋਂ 16 ਜੁਲਾਈ | GISTC/DIET ਵੱਲੋਂ ਦਿੱਤੀ ਪਲਾਨ ਅਨੁਸਾਰ |
| ਫੇਜ਼ 3 | 19 ਜੁਲਾਈ ਤੋਂ 23 ਜੁਲਾਈ | GISTC/DIET ਵੱਲੋਂ ਦਿੱਤੀ ਪਲਾਨ ਅਨੁਸਾਰ |
| ਫੇਜ਼ 4 | 26 ਜੁਲਾਈ ਤੋਂ 30 ਜੁਲਾਈ | GISTC/DIET ਵੱਲੋਂ ਦਿੱਤੀ ਪਲਾਨ ਅਨੁਸਾਰ |
| ਫੇਜ਼-5 | 2 ਅਗਸਤ ਤੋਂ 6 ਅਗਸਤ | GISTC/DIET ਵੱਲੋਂ ਦਿੱਤੀ ਪਲਾਨ ਅਨੁਸਾਰ |

5.0 ਟ੍ਰੇਨਿੰਗ ਦਾ ਸਮਾਂ ਸਵੇਰੇ 9.00 ਵਜੇ ਤੋਂ 3.00 ਵਜੇ ਤੱਕ ਹੋਵੇਗਾ।

6.0 ਟ੍ਰੇਨਿੰਗ ਮੁੱਖ ਦਫ਼ਤਰ ਵੱਲੋਂ ਤਿਆਰ ਕੀਤੀ ਵਿਸ਼ਾਵਾਰ ਸਮਾਂ- ਸਾਰਣੀ ਅਨੁਸਾਰ ਕਰਵਾਈ ਜਾਵੇਗੀ ਜੋ ਕਿ ਆਪ ਜੀ ਨੂੰ ਸਮੇਂ ਸਿਰ ਮੁਹੱਈਆਂ ਕਰਵਾ ਦਿੱਤੀ ਜਾਵੇਗੀ।

7.0 ਟ੍ਰੇਨਿੰਗਜ਼ ਦੌਰਾਨ ਅਧਿਆਪਕਾਂ ਦੇ ਬੈਠਣ ਲਈ ਫਰਨੀਚਰ, ਬਿਜਲੀ ,ਠੰਡਾ ਪਾਣੀ,ਜਨਰੇਟਰ ਅਤੇ ਸਫਾਈ ਆਦਿ ਦਾ ਪ੍ਰਬੰਧ ਅਤੇ ਅਧਿਆਪਕਾਂ ਨੂੰ ਟ੍ਰੇਨਿੰਗ ਸੈਂਟਰ ਵਿਖੇ ਮਡਿਊਲਜ਼ ਮੁਹੱਇਆ ਕਰਵਾਉਣ ਦੀ ਜਿੰਮੇਵਾਰੀ ਸਬੰਧਤ GISTC/DIET ਦੀ ਹੋਵੇਗੀ।

9.0 ਇਸ ਟ੍ਰੇਨਿੰਗ ਤੇ ਆਉਣ ਵਾਲਾ ਖਰਚਾ ਐਸ. ਐਸ.ਏ. ਦੀਆਂ ਗਾਈਡ ਲਾਈਨਸ ਅਨੁਸਾਰ ਹੀ ਸਬੰਧਤ GISTC/DIET ਵੱਲੋ ਟੀਚਰ ਟ੍ਰੇਨਿੰਗ ਫੰਡ ਵਿਚੋਂ ਕੀਤਾ ਜਾਵੇਗਾ (9 ਜੁਲਾਈ 2008 ਦੀ ਮੀਟਿੰਗ ਦੀ ਕਾਰਵਾਈ ਅਤੇ ਪੱਤਰ ਨੰ:7/2-2008/ਸਸਅ/ਟੀ.ਟੀ. /24132-24200 ਮਿਤੀ 12.08.08 ਪੱਤਰਾਂ ਦੀ ਕਾਪੀ ਨਾਲ ਨੱਥੀ ਹੈ)।

10.0 ਸਾਲ 2010-11 ਲਈ ਟੀਚਰ ਟ੍ਰੇਨਿੰਗ ਫੰਡਜ਼ ਸਟੇਟ ਪ੍ਰੋਜੈਕਟ ਆਫ਼ਿਸ ਤੋਂ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਛੇਤੀ ਹੀ ਟ੍ਰਾਂਸਫਰ ਕਰ ਦਿੱਤੇ ਜਾਣਗੇ। ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਇਹ ਸੁਨਿਸ਼ਚਤ ਕਰਨਗੇ ਕੇ ਇਹ ਫੰਡਜ਼ ਅੱਗੋਂ DIETs ਨੂੰ ਵੇਲੇ ਸਿਰ ਰੀਲਿਜ਼ ਕਰ ਦਿੱਤੇ ਜਾਣ। ਪ੍ਰਿੰਸੀਪਲ GISTCs ਵੱਲੋਂ ਲੋੜ ਅਨੁਸਾਰ ਟੀਚਰ ਟ੍ਰੇਨਿੰਗ ਫੰਡਜ਼ ਸਬੰਧਤ ਡਾਇਟ ਪ੍ਰਿੰਸੀਪਲ ਪਾਸੋਂ ਲੈ ਲਏ ਜਾਣਗੇ।

11.0 ਟੀਚਰ ਟ੍ਰੇਨਿੰਗ ਦੀ ਰੈਗੂਲਰ ਮੋਨੀਟਰਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰਾਂ ਵੱਲੋਂ ਕੀਤੀ ਜਾਵੇਗੀ ਅਤੇ ਇਸ ਦੀ ਰਿਪੋਰਟ ਇਸ ਦਫ਼ਤਰ ਵਿਖੇ ਭੇਜਣਾ ਲਾਜ਼ਮੀ ਹੋਵੇਗਾ।

ਨੱਥੀ :- ਪੱਤਰਾਂ ਦੀ ਕਾਪੀ (9 ਜੁਲਾਈ 2008 ਨੂੰ ਮੀਟਿੰਗ ਹੋਈ ਮੀਟਿੰਗ ਦੀ ਕਾਰਵਾਈ ਅਤੇ ਪੱਤਰ ਨੰ:7/2-2008/ਸਸਅ/ਟੀ.ਟੀ. /24132-24200 ਮਿਤੀ 12.08.08 )

ਸਟੇਟ ਪ੍ਰੋਜੈਕਟ ਡਾਇਰੈਕਟਰ ਕਮ
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ

ਪਿਠ ਅੰਕਣ ਨੰ: ਏਐਸਪੀ.ਡੀ/ਟੀ.ਟੀ/2010/040897-040920 ਮਿਤੀ: 8/6/10

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਮੰਡਲ ਸਿੱਖਿਆ ਅਫਸਰ (ਫਰੀਦਕੋਟ, ਜਲੰਧਰ, ਨਾਭਾ)
2. ਸਮੂਹ ਜਿਲ੍ਹਾ ਸਿੱਖਿਆ ਅਫਸ਼ਰ (ਐ.ਸਿ)
3. ਡੀ.ਐਮ.(ਐਮ.ਆਈ ਐਸ) ਸ.ਸ.ਅ ਵੈਬ ਸਾਇਟ ਤੇ ਪਾਉਣ ਲਈ।

ਸਟੇਟ ਪ੍ਰੋਜੈਕਟ ਡਾਇਰੈਕਟਰ ਕਮ
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ

## ਮੀਟਿੰਗ ਦੀ ਕਾਰਵਾਈ (Minutes of Meeting)

ਟੀਚਰ ਟ੍ਰੇਨਿੰਗ ਪ੍ਰੋਗਰਾਮ ਸਬੰਧੀ ਇੱਕ ਮੀਟਿੰਗ ਮਾਨਯੋਗ ਡੀ.ਜੀ.ਐਸ.ਈ.-ਕਮ- ਐਸ.ਪੀ.ਡੀ.ਪੰਜਾਬ,ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਐਸ.ਐਸ.ਏ. ਦੇ ਮੁੱਖ ਦਫ਼ਤਰ ਵਿਖੇ ਮਿਤੀ ਜੁਲਾਈ 09,2008 ਨੂੰ 12 ਵਜੇ ਹੋਈ। ਜਿਸ ਵਿੱਚ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ ਤੋਂ ਇਲਾਵਾ ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ,ਚੰਡੀਗੜ੍ਹ, ਏ.ਐਸ.ਪੀ.ਡੀ (ਟੀ.ਟੀ.-1 ਅਤੇ 2) ਏ.ਐਸ.ਪੀ.ਡੀ.(ਪਲੈਨਿੰਗ), ਡੀ.ਐਮ(ਫ਼ਾਇਨੈਂਸ) ਅਤੇ ਡੀ.ਐਮ.(ਆਈ.ਸੀ.ਟੀ) ਨੇ ਭਾਗ ਲਿਆ । ਜਿਸ ਵਿੱਚ ਹੇਠ ਲਿਖੇ ਮੁੱਖ ਫ਼ੈਸਲੇ ਲਏ ਗਏ:-

1. ਮਾਨਭੱਤਾ,ਟੀ.ਏ./ਡੀ.ਏ. ਸਬੰਧੀ **ਵਰਤਮਾਨ ਦਰਾਂ:**

   ੳ. ਯੂਨੀਵਰਸਿਟੀ ਦੇ ਲੈਕਚਰਾਰ ਅਤੇ ਉਨ੍ਹਾਂ ਤੋਂ ਉੱਪਰ = **800 ਰੁਪਏ**

   ਅ. ਕਾਲਜ ਲੈਕਚਰਾਰ ਅਤੇ ਉਨ੍ਹਾਂ ਤੋਂ ਉੱਪਰ = **550 ਰੁਪਏ**

   ੲ. ਕੈਟਾਗਰੀ ੳ),ਅ) ਨੂੰ ਛੱਡ ਕੇ ਬਾਕੀ ਸਾਰੇ = **300 ਰੁਪਏ**

   ਸ. ਐਸ.ਐਸ.ਏ ਦੇ ਅਫ਼ਸਰ ,ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ ਦੇ ਲੈਕਚਰਾਰ ਤੇ ਸੀਨੀਅਰ ਲੈਕਚਰਾਰ ਬਤੌਰ ਰਿਸੋਰਸ ਪਰਸਨ ਕੰਮ ਕਰਣ ਵਜੋਂ ਟੀ.ਏ./ਡੀ.ਏ. ਦੇ ਹੱਕਦਾਰ ਹੋਣਗੇ।

2. ਜੇਕਰ ਟੀਚਰ ਟ੍ਰੇਨਿੰਗ ਪ੍ਰੋਗਰਾਮ ਇਕ ਸਕੂਲ ਵਿੱਚ ਲਗਾਇਆ ਜਾ ਰਿਹਾ ਹੈ ਤਾਂ ਉਸ ਸੰਸਥਾ ਦਾ ਮੁਖੀ ਟੀਚਰ ਟ੍ਰੇਨਿੰਗ ਪ੍ਰੋਗਰਾਮ ਨੂੰ ਸਹੀ ਢੰਗ ਨਾਲ ਚਲਾਉਣ ਲਈ ਜਿੰਮੇਵਾਰ ਹੋਵੇਗਾ। ਟੀਚਰ ਟ੍ਰੇਨਿੰਗ ਪ੍ਰੋਗਰਾਮ ਦੇ ਪ੍ਰਬੰਧ ਲਈ ਸਕੂਲ ਦੇ ਮੁਖੀ ਨੂੰ **1000 ਰੁਪਏ** ਦੀ ਇਕ ਮੁਸ਼ਤ ਰਕਮ ਅਦਾ ਕੀਤੀ ਜਾ ਸਕਦੀ ਹੈ। ਇਹ ਅਦਾਇਗੀ ਸਾਰੇ ਟੀਚਰ ਟ੍ਰੇਨਿੰਗ ਪ੍ਰੋਗਰਾਮ ਦੇ ਬੰਦੋਬਸਤ ਕਰਨ ਲਈ ਇਕ ਵਾਰ ਹੀ ਕੀਤੀ ਜਾਵੇਗੀ।

3. ਰਿਫ਼ਰੈਸ਼ਮੈਂਟ ਲਾਗਤ,ਚਾਹ ਅਤੇ **ਖਾਣਾ:**

   ੳ. 35 ਰੁਪਏ ਪ੍ਰਤੀ ਦਿਨ,ਪ੍ਰਤੀ ਵਿਅਕਤੀ ਹਾਜ਼ਰੀ ਦੇ ਮੁਤਾਬਕ।

   ਅ. ਬਸ ਦਾ ਅਸਲ ਕਿਰਾਇਆ ਟੀ.ਏ.ਵਜੋਂ।

4. ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ ਆਪਣੇ-2 ਜਿਲ੍ਹੇ ਦੇ ਸੈਂਟਰਾਂ ਦੀ ਚੋਣ ਜਿਲ੍ਹੇ ਦੀ ਦੂਰੀ ਨੂੰ ਮੁੱਖ ਰੱਖ ਕੇ ਕਰਨਗੇ।

5. ਰਿਸੋਰਸ ਪਰਸਨਾਂ ਦੀ ਸੂਚੀ ਮੁੱਖ ਦਫ਼ਤਰ ਨੂੰ 15 ਦਿਨਾਂ ਦੇ ਅੰਦਰ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ, ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਨਾਲ ਸਲਾਹ ਮਸ਼ਵਰਾ ਕਰਕੇ ਨੱਥੀ ਪ੍ਰਫ਼ਾਰਮੇ ਵਿੱਚ ਭਰ ਕੇ ਭੇਜਣਗੇ ਤਾਂ ਜੋ ਚੁਣੇ ਹੋਏ ਰਿਸੋਰਸ ਪਰਸਨਾਂ ਦੇ ਲੈਕਚਰ ਐਜੂ-ਸੈਟ ਰਾਹੀਂ ਵੀ ਕੀਤੇ ਜਾ ਸਕਣ।

6. ਮਾਨਯੋਗ ਡੀ.ਜੀ.ਐਸ.ਈ.-ਕਮ-ਐਸ.ਪੀ.ਡੀ. ਵੱਲੋਂ ਬਣਾਈ ਗਈ ਕਮੇਟੀ ਜਿਸ ਵਿੱਚ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਬਠਿੰਡਾ, ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ ਅੰਮ੍ਰਿਤਸਰ ਸ਼ਾਮਲ ਹਨ,ਇਨ੍ਹਾਂ ਵੱਲੋਂ ਮੰਜੂਰ-ਸ਼ੁਦਾ ਟਾਈਮ ਟੇਬਲ ਪੂਰੇ ਪੰਜਾਬ ਵਿੱਚ ਲਾਗੂ ਕੀਤਾ ਜਾਵੇਗਾ। ਇਸ ਵਿੱਚ ਕੋਈ ਵੀ ਰੱਦੋ ਬਦਲ ਨਹੀਂ ਹੋਵੇਗੀ।

7. ਟ੍ਰੇਨਿੰਗ ਪ੍ਰੋਗਰਾਮ ਦੌਰਾਨ ਆਖਿਰੀ ਦੋ ਪੀਰੀਅਡ ਅਧਿਆਪਕਾਂ ਦੇ ਪ੍ਰੈਜ਼ੈਂਟੇਸ਼ਨ ਲਈ ਮਿੱਥੇ ਗਏ ਹਨ। ਟ੍ਰੇਨਿੰ ਕੋਆਰਡੀਨੇਟਰ ਟ੍ਰੇਨਿੰਗ ਦੇ ਪਹਿਲੇ ਦਿਨ ਹੀ ਅਧਿਆਪਕਾਂ ਨੂੰ ਗਰੁੱਪ ਵਿੱਚ ਵੰਡ ਕੇ ਉਨ੍ਹਾਂ ਨੂੰ ਵਿਸ਼ਾ ਵੰਡੇਗਾ। ਇਸ ਵਿ ਤੇ ਅਧਿਆਪਕ ਆਪਣੀ ਅਸਾਈਨਮੈਂਟ ਤਿਆਰ ਕਰਣਗੇ। ਇਨ੍ਹਾਂ ਅਸਾਈਨਮੈਂਟਾਂ ਦੀ ਚਰਚਾ ਗਰੁੱਪ ਵਾਈਜ਼ ਕੀ ਜਾਵੇਗੀ। ਭਾਗ ਲੈਣ ਵਾਲੇ ਅਧਿਆਪਕਾਂ ਨੂੰ ਆਪਣੀ ਪ੍ਰੈਜ਼ੈਂਟੇਸ਼ਨ ਵਾਸਤੇ 15 ਮਿੰਟ ਮਿਲਣਗੇ। ਚੰਗੇ ਤਜਰਬੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਅਤੇ ਚੰਗੇ ਅਤੇ ਵਧੀਆ ਅਸਾਈਨਮੈਂਟ ਜਾਂ ਪ੍ਰੋਜੈਕਟ ਦੀ ਰਿਪੋਰਟ ਟ੍ਰੇਨਿੰ ਕੋਆਰਡੀਨੇਟਰ, ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨੂੰ ਕਰਣਗੇ। ਵਧੀਆ ਅਸਾਈਨਮੈਂਟ ਜਾਂ ਪ੍ਰੋਜੈਕ ਬਨਾਉਣ ਵਾਲੇ ਅਧਿਅਪਕ ਦਾ ਨਾਂ, ਸਕੂਲ ਦਾ ਨਾਂ, ਟੈਲੀਫੋਨ ਨੰ: ਸੂਚਨਾ ਤਹਿਤ ਭੇਜਿਆ ਜਾਵੇ ਤਾਂ ਜੋ ਸਟੇਟ ਪੱਧਰ ਉਨ੍ਹਾਂ ਅਧਿਆਪਕਾਂ ਦਾ ਇਕ ਪੈਨਲ ਜਾਂ ਪੂਲ ਬਣਾਇਆ ਜਾ ਸਕੇ। ਇਸ ਦੀ ਇੱਕ ਕਾਪੀ ਮੁੱਖ ਦਫ਼ਤਰ ਨੂੰ ਭੇ ਜਾਵੇਗੀ।
8. ਟ੍ਰੇਨਿੰਗ ਪ੍ਰੋਗਰਾਮ ਦਾ ਸ਼ਡਿਊਲ ਮੁੱਖ ਦਫ਼ਤਰ ਵੱਲੋਂ ਜਾਰੀ ਹੋਵੇਗਾ।
9. ਟ੍ਰੇਨਿੰਗ ਪ੍ਰੋਗਰਾਮ ਨੂੰ ਹੋਰ ਵਧੀਆ ਅਤੇ ਆਕਰਸ਼ਕ ਬਣਾਉਣ ਲਈ ਜਿਲ੍ਹੇ ਦੇ ਅਫ਼ਸਰ, ਕੁੱਝ ਚੁਣੀਆਂ ਹਸਤੀਆਂ, ਜਿ ਸਿੱਖਿਆ ਅਫ਼ਸਰ (ਐ.ਸਿੱ) ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸ ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ ਨੂੰ ਉਦਘਾਟਨੀ ਰਸਮ ਜਾਂ ਭਾਸ਼ਣ ਲਈ ਸੱਦਾ ਦਿੱਤਾ ਜਾ ਸਕਦਾ ਹੈ।
10. ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ ਆ ਜਿਲ੍ਹਿਆਂ ਵਿੱਚ 10 ਮਹੀਵਾਰ ਮੀਟਿੰਗਾਂ ਕਲਸਟਰ/ਬਲਾਕ ਪੱਧਰ ਤੇ ਕਰਵਾਉਣ ਲਈ ਆਪਣੇ ਜ਼ਿਲ੍ਹੇ ਦੇ ਲੈਕਚਰਾਰਾਂ ਡਿਊਟੀ ਲਗਾਉਣਗੇ ਅਤੇ ਇਸ ਦੀ ਵਿਸਤਰਤ ਸੂਚਨਾ ਮੁੱਖ ਦਫ਼ਤਰ ਨੂੰ ਭੇਜਣਗੇ।
11. ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰ, ਟ੍ਰੇਨਿੰਗ ਦੌਰ ਗੈਰਹਾਜ਼ਰ ਅਧਿਆਪਕਾ ਦੀ ਸੂਚੀ ਰੋਜਾਨਾ ਮੁੱਖ ਦਫ਼ਤਰ ਨੂੰ ਭੇਜਣਗੇ।
12. ਟੀਚਰ ਟ੍ਰੇਨਿੰਗ ਫ਼ੰਡ ਦਾ ਪਿਛਲੇ ਸਾਲਾਂ ਦਾ ਬਕਾਇਆ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਜਿ ਸਿੱਖਿਆ ਅਫ਼ਸਰ (ਐ.ਸਿੱ) ਨੂੰ ਵਾਪਸ ਕਰਣਗੇ।
13. ਮੁੱਖ ਦਫ਼ਤਰ ਵਿਖੇ ਟੀਚਰ ਟ੍ਰੇਨਿੰਗ ਪ੍ਰੋਗਰਾਮ ਸੰਬੰਧੀ ਸੂਚਨਾ ਪ੍ਰਾਪਤ ਕਰਨ ਲਈ ਵਿਸ਼ੇਸ਼ ਤੌਰ ਤੇ ਫੈਕਸ ਮਸ਼ੀਨ ਲਗ ਜਾਵੇਗੀ।
14. ਜਿਲ੍ਹਿਆਂ ਵਿੱਚ 20 ਦਿਨ ਦੀ ਟੀਚਰ ਟ੍ਰੇਨਿੰਗ ਕਰਵਾਈ ਜਾਵੇਗੀ, ਜਿਸ ਵਿੱਚ 5-5 ਦਿਨ ਦੇ ਦੋ ਬੈਚ ਅਤੇ 10 ਦਿਨਾਂ ਮਹੀਵਾਰ ਮੀਟਿੰਗਾਂ ਹੋਣਗੀਆਂ। 20 ਦਿਨਾਂ ਦੀ ਟੀਚਰ ਟ੍ਰੇਨਿੰਗ ਤੋਂ ਇਲਾਵਾ ਪੰਜਾਬ ਤੋਂ ਬਾਹਰ ਹੋਣ ਵਾਲੀਆਂ ਟ੍ਰੇਨਿੰਗਾਂ ਲਗਾਈਆਂ ਜਾਣਗੀਆਂ।

ਡਾਇਰੈਕਟਰ ਜਨਰਲ ਸਕੂਲ ਸਿੱਖਿਅ
ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟ
ਪੰਜਾਬ, ਚੰਡੀਗੜ੍ਹ

ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ.ਓ. ਨੰ: 104-106, ਦੂਸਰੀ ਮੰਜ਼ਿਲ,ਸੈਕਟਰ - 34 ਏ,ਚੰਡੀਗੜ੍ਹ
ਫੋਨ ਨੰ: 0172-2623207, 2620106, ਫੈਕਸ: 0172-2624687
ਈਮੇਲ: teachertrainingssa@gmail.com & teachertraining_2008@yahoo.co.in | 2

ਵੱਲ

- *ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)*
- *ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ)*
- *ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ*
- *ਸਮੂਹ ਪ੍ਰਿੰਸੀਪਲ ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ ਪੰਜਾਬ*

1205
12/8/8

ਮੀਮੋ ਨੰ: 7/2-2008/ਸਸਅ/ਟੀ.ਟੀ/ 24132 - 24200
ਮਿਤੀ ਚੰਡੀਗੜ੍ਹ: 12/8/08

**ਵਿਸ਼ਾ:** ਟੀਚਰ ਟਰੇਨਿੰਗ ਪ੍ਰੋਗਰਾਮ 2008-09 ਦੇ ਬਜਟ ਸਬੰਧੀ ।

**1.0** ਉਪਰੋਕਤ ਵਿਸ਼ੇ ਦੇ ਹਵਾਲੇ ਅਧੀਨ

**2.0** ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਮਹੀਨਾਵਾਰ ਮੀਟਿੰਗਾਂ ਸਬੰਧੀ ਗਾਈਡਲਾਈਨਜ ਪਹਿਲਾਂ ਹੀ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ),ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ), ਸਮੂਹ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਸਮੂਹ ਪ੍ਰਿੰਸੀਪਲ, ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ ਨੂੰ ਮਿਤੀ 17-07-08 ਦੀ ਮੀਟਿੰਗ ਦੌਰਾਨ ਭੇਜੀਆਂ ਜਾ ਚੁੱਕੀਆਂ ਹਨ।

**3.0** 10 ਦਿਨਾਂ ਦੀਆਂ ਮਹੀਨਾਵਾਰ ਮੀਟਿੰਗਾਂ ਅਤੇ 10 ਦਿਨਾਂ ਦੀ ਟੀਚਰ ਟਰੇਨਿੰਗ ਦਾ ਬਜਟ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨੂੰ ਦੇਣਗੇ । ਜਿਹੜੇ ਜਿਲਿਆਂ ਵਿੱਚ ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ ਹਨ ਉਥੇਂ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਉਹਨਾਂ ਨੂੰ ਅਪਰ ਪ੍ਰਾਇਮਰੀ ਦੀ ਟ੍ਰੇਨਿਗ ਲਈ ਬਜਟ ਦੇਣਗੇ ।ਜਿਨ੍ਹਾਂ ਜਿਲਿਆਂ ਵਿੱਚ ਡਾਈਟ ਨਹੀਂ ਹੈ ਉਥੇ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਹਿਲਾਂ ਵਾਂਗ ਟੀਚਰ ਟ੍ਰੇਨਿੰਗ ਲਈ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਅਤੇ ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ ਦੀ ਮਦਦ ਲੈਣਗੇ ।

**4.0** ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ 10 ਮਹੀਨਾਵਾਰ ਮੀਟਿੰਗਾ ਲਈ 50 ਰੁਪਏ ਪ੍ਰਤੀ ਅਧਿਆਪਕ ਪ੍ਰਤੀ ਦਿਨ ਮੰਜੂਰ ਹੋਏ ਹਨ। 10 ਦਿਨਾਂ ਦੀ ਮਹੀਨਾਵਾਰ ਮੀਟਿੰਗਾਂ ਦੇ ਸਬੰਧੀ ਸਾਰੇ ਨਿਯਮ ਪਹਿਲਾਂ ਵਾਂਗ ਹੀ ਰਹਿਣਗੇ ਜਿਵੇਂ ਕਿ ਦੁਪਹਿਰ ਦੇ ਖਾਣੇ ਦੇ 35 ਰੁਪਏ, ਸਟੇਸ਼ਨਰੀ 10 ਰੁਪਏ ਪ੍ਰਤੀ ਅਧਿਆਪਕ ਪ੍ਰਤੀ ਦਿਨ ਹੋਣਗੇ ।ਭਾਗ ਲੈਣ ਵਾਲੇ ਅਧਿਆਪਕਾਂ ਨੂੰ ਕੋਈ ਵੀ ਟੀ.ਏ ਨਹੀਂ ਦਿੱਤਾ ਜਾਵੇਗਾ। 5 ਰੁਪਏ ਪ੍ਰਤੀ ਅਧਿਆਪਕ ਪ੍ਰਤੀ ਦਿਨ ਬਲਾਕ ਅਤੇ ਕਲਸਟਰ ਪੱਧਰ ਤੇ ਅਧਿਆਪਕਾਂ ਨੂੰ ਚਾਹ ਦੇਣ ਲਈ ਅਤੇ ਫੁਟਕਲ ਖਰਚੇ ਲਈ ਪ੍ਰਿੰਸੀਪਲ, ਸਕੂਲ ਬਲਾਕ ਪਧਰ ਤੇ ਅਤੇ ਸੀ.ਐਚ.ਟੀ. ਨੂੰ ਕਲਸਟਰ ਪਧਰ ਤੇ ਦਿੱਤੇ ਜਾਣਗੇ ।

**5.0** ਪ੍ਰਿੰਸੀਪਲ ਡਾਈਟ ਸਾਰੇ ਟ੍ਰੈਨਿੰਗ ਪ੍ਰੋਗਰਾਮ ਦੇ ਖਰਚੇ ਅਤੇ ਫੀਜਿਕਲ ਪ੍ਰੋਗਰੈਸ ਦਾ ਸਾਰਾ ਰਿਕਾਰਡ ਰਖਣਗੇ ਅਤੇ ਇਸ ਦੀ ਮਹੀਨਾਵਾਰ ਸੂਚਣਾ ਮੁਖ ਦਫਤਰ ਨੂੰ ਭੇਜਣਗੇ ।

**6.0** ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਵ ਸਿੱਖਿਆ ਅਭਿਆਨ,ਪੰਜਾਬ ਵੱਲੋਂ ਟੀਚਰ ਟਰੇਨਿੰਗ ਦਾ ਫੰਡ ਆਪਣੇ-2 ਜਿਲ੍ਹੇ ਦੇ ਡਾਇਟ ਪ੍ਰਿੰਸੀਪਲ ਨੂੰ ਤੁਰੰਤ ਜਾਰੀ ਕਰ ਦੇਣ ਅਤੇ ਜਿਨ੍ਹਾਂ ਜਿਲਿਆਂ ਵਿੱਚ ਡਾਈਟ ਨਹੀ ਹੈ ਉਥੇ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਹਿਲਾਂ ਵਾਂਗ ਟੀਚਰ ਟ੍ਰੇਨਿੰਗ ਲਈ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਅਤੇ ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ ਨੂੰ ਫੰਡ ਜਾਰੀ ਕਰ ਦੇਣ। ਤਾਂ ਜੋ ਮਹੀਨਾਵਾਰ ਮੀਟਿੰਗਾਂ ਦਾ ਸਮੇਂ ਸਿਰ ਭੁਗਤਾਨ ਹੋ ਸਕੇ।

O/C

ਡਾਇਰੈਕਟਰ ਜਨਰਲ ਸਕੂਲ ਸਿੱਖਿਆ/
ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ